Roll No. ...............................................

Total No. of Questions : 10]

**002/A**

[Total No. of Printed Pages : 5

**SS**

**2325**

**ਸਲਾਨਾ ਪਰੀਖਿਆ ਪ੍ਰਣਾਲੀ**

# GENERAL PUNJABI

**(Common for All Groups and Vocational Stream)**

**Time Allowed : 3 Hours** **Maximum Marks : 80**

*ਨੋਟ :* (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿਚ ਵਿਸ਼ਾ-ਕੋਡ/ਪੇਪਰ-ਕੋਡ 002 ਜ਼ਰੂਰ ਦਰਜ ਕਰੋ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿਚ ਟਾਈਟਲ ਸਹਿਤ 28 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ।

(iii) ਉੱਤਰ-ਪੱਤਰੀ ਵਿਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।

(iv) ਪ੍ਰਸ਼ਨ-ਪੱਤਰ ਵਿਚ ਕੁੱਲ 10 ਪ੍ਰਸ਼ਨ ਹਨ।

(v) ***ਸਾਰੇ ਪ੍ਰਸ਼ਨ ਜ਼ਰੂਰੀ ਹਨ।***

1. **ਵਸਤੂਨਿਸ਼ਠ ਪ੍ਰਸ਼ਨ :** **20x1=20**

**ਭਾਗ - ੳ**

**ਬਹੁ-ਚੋਣਵੇਂ ਉੱਤਰਾਂ ਵਾਲੇ ਪ੍ਰਸ਼ਨ :** **5x1=5**

(i) ਝੂੰਮਰ ਲੋਕ-ਨਾਚ ਕਿੰਨੀਆਂ ਤਾਲਾਂ ਤਹਿਤ ਨੱਚਿਆ ਜਾਂਦਾ ਹੈ ? 1

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

(ii) ਹੇਠ ਲਿਖਿਆਂ ਵਿਚੋਂ ਕਿਹੜਾ ਗਹਿਣਾ ਇਸਤਰੀਆਂ ਦੁਆਰਾ ਗਰਦਨ ਦੁਆਲੇ ਪਹਿਨਿਆ ਜਾਂਦਾ ਹੈ ? 1

(ੳ) ਦਾਉਣੀ (ਅ) ਲੌਟਣ

(ੲ) ਹਮੇਲ (ਸ) ਗੋਖੜੂ

(iii) 'ਘਰ ਜਾਹ ਆਪਣੇ' ਦੀ ਪਾਤਰ ਜੀਤੋ ਆਪਣੇ ਵੱਡੇ ਭਰਾ ਤੋਂ ਕਿੰਨੀ ਛੋਟੀ ਹੈ ? 1

(ੳ) ਇਕ-ਦੋ ਸਾਲ (ਅ) ਤਿੰਨ-ਚਾਰ ਸਾਲ

(ੲ) ਪੰਜ-ਛੇ ਸਾਲ (ਸ) ਅੱਠ-ਦਸ ਸਾਲ

(iv) 'ਸਾਂਝ ਹਮੇਸ਼ਾ ਆਪਣੇ ਬਰਾਬਰ ਦੀ ਧਿਰ ਨਾਲ ਰੱਖਣ' ਦੀ ਨਸੀਹਤ ਦੇਣ ਲਈ ਕਿਹੜੀ ਅਖਾਉਤ ਢੁਕਵੀਂ ਹੈ ? 1

(ੳ) ਤੌੜੀ ਉਬਲੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ

(ਅ) ਡਾਹਢੇ ਨਾਲ ਭਿਆਲੀ, ਉਹ ਮੰਗੇ ਹਿੱਸਾ ਉਹ ਕੱਢੇ ਗਾਲੀ

(ੲ) ਨਵਾਂ ਨੌਂ ਦਿਨ ਪੁਰਾਣਾ ਸੌ ਦਿਨ

(ਸ) ਬੇਗਾਨਾ ਮਹਿਲ ਵੇਖ ਕੇ ਆਪਣੀ ਕੁੱਲੀ ਨਹੀਂ ਢਾਹੀਦੀ

(v) ਅਖਾਉਤ ਪੂਰੀ ਕਰੋ : 'ਆਪੇ ਫਾਥੜੀਏ __________'। 1

(ੳ) ਤੈਨੂੰ ਕੌਣ ਛੁਡਾਏ (ਅ) ਤੈਨੂੰ ਰੱਬ ਬਚਾਏ

(ੲ) ਤੈਨੂੰ ਕੌਣ ਸਮਝਾਏ (ਸ) ਤੈਨੂੰ ਪਿਓ ਬਚਾਏ



https://www.punjabboardonline.com

## ਭਾਗ – ੳ

ਹੇਠ ਲਿਖੇ ਕਥਨਾਂ ਵਿਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ : 5x1=5

(i) ਰਮਾਇਣ ਅਤੇ ਮਹਾਭਾਰਤ ਦੀਆਂ ਪ੍ਰਮੁੱਖ ਘਟਨਾਵਾਂ ਅਜੋਕੇ ਰਾਜਨੀਤਿਕ ਪੰਜਾਬ ਦੀ ਧਰਤੀ ਉੱਪਰ ਹੀ ਵਾਪਰੀਆਂ ਸਨ। 1

(ii) ਬਹੁਤ ਸਾਰੇ ਸੰਸਕਾਰਾਂ ਦਾ ਆਰੰਭ ਦੈਵੀ ਤਾਕਤਾਂ ਨੂੰ ਪਤਿਆਉਣ ਜਾਂ ਰਿਝਾਉਣ ਕਰਕੇ ਹੋਇਆ। 1

(iii) 'ਸਤੀਆ ਸੇਈ' ਕਹਾਣੀ ਦਾ ਕਹਾਣੀਕਾਰ ਸੰਤੋਖ ਸਿੰਘ ਧੀਰ ਹੈ। 1

(iv) 'ਮੁਕਾਬਲੇ ਵਿਚ ਸਭ ਨੂੰ ਬਰਾਬਰਦੇ ਮੌਕੇ ਮਿਲਦੇ ਹਨ' ਇਹ ਦੱਸਣ ਲਈ 'ਮਾਂਹਾਂ–ਮੋਠਾਂ ਵਿਚ ਕੋਈ ਵੱਡਾ–ਛੋਟਾ ਨਹੀਂ ਹੁੰਦਾ' ਅਖਾਉਤ ਢੁੱਕਵੀਂ ਹੈ। 1

(v) ਆਪਣੇ ਅਹੁਦੇ ਦਾ ਲਾਭ ਕੇਵਲ ਆਪਣੇ ਹੀ ਸਕੇ–ਸਬੰਧੀਆਂ ਨੂੰ ਦੇਣ ਦੀ ਸਥਿਤੀ ਉੱਪਰ 'ਅੰਨ੍ਹਾ ਵੰਡੇ ਰਿਓੜੀਆਂ ਮੁੜ–ਮੁੜ ਆਪਣਿਆਂ ਨੂੰ' ਅਖਾਉਤ ਬਿਲਕੁਲ ਢੁੱਕਵੀਂ ਹੈ। 1

## ਭਾਗ – ੲ

ਖਾਲੀ ਥਾਵਾਂ ਭਰੋ : 5x1=5

(i) ਰੰਗਾ ਲੰਮੀ ਨਕਲ ਦਾ ਇਕ ਪ੍ਰਕਾਰ ਦਾ __________ ਹੁੰਦਾ ਹੈ। 1

(ii) ਹਰ ਪੰਜਾਬੀ ਨੂੰ ਆਪਣੇ __________ 'ਤੇ ਅਭਿਮਾਨ ਨਹੀਂ ਸਗੋਂ ਮਾਣ ਕਰਨਾ ਚਾਹੀਦਾ ਹੈ। 1

(iii) ਕਾਵਿ–ਸਤਰ ਪੂਰੀ ਕਰੋ : ਇਸ ਜ਼ਰਖੇਜ਼ ਜ਼ਮੀਨ ਦੇ __________ ਫੁੱਟਿਆ ਜ਼ਹਿਰ। 1

(iv) ਕਾਵਿ–ਸਤਰ ਪੂਰੀ ਕਰੋ : 1

ਘੋੜੀਆਂ ਦੇ ਪੌੜ ਜਦੋਂ ਕੰਨਾਂ ਸੁਣੇ __________,
ਵੇਖਣ ਨੂੰ ਨੈਣ ਆਏ ਬੂਹੇ ਵੱਲ ਭੱਜਦੇ।

(v) ਅਖਾਉਤ ਪੂਰੀ ਕਰੋ : 'ਵਿੱਡ ਭਰਿਆ __________।' 1

## ਭਾਗ – ਸ

ਇਕ ਜਾਂ ਦੋ ਸ਼ਬਦਾਂ ਵਿਚ ਉੱਤਰ ਦਿਓ : 5x1=5

(i) ਰੁੱਤਾਂ ਦੇ ਬਦਲਦੇ ਗੇੜ ਵਿਚੋਂ ਜਨਮੇ ਮੇਲਿਆਂ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? 1

(ii) 'ਲੂਣ–ਤੇਲ–ਲੱਕੜ' ਲੋਕ–ਖੇਡ ਹੁਣ ਕਿਸ ਖੇਡ ਵਿਚ ਜਾ ਸਮੋਈ ਹੈ ? 1

(iii) 'ਵਾਰਸ ਸ਼ਾਹ' ਕਵਿਤਾ ਕਿਸ ਦੀ ਰਚਨਾ ਹੈ ? 1

(iv) 'ਦੂਜਿਆਂ ਦੀ ਝਾਕ ਛੱਡ ਕੇ ਆਪਣਾ ਕੰਮ ਆਪ ਕਰਨ' ਦੀ ਨਸੀਹਤ ਦੇਣ ਲਈ ਕਿਹੜੀ ਅਖਾਉਤ ਢੁੱਕਵੀਂ ਹੈ ? 1

(v) 'ਆਪਣਾ ਦੇਸ' ਕਹਾਣੀ ਦੇ ਪਾਤਰ ਹਰਿੰਦਰ ਅਤੇ ਗੁਰਿੰਦਰ ਕੈਨੇਡਾ ਵਿਚ ਆਪਣੇ ਨਾਂ ਬਦਲ ਕੇ ਕੀ ਦੱਸਦੇ ਹਨ ? 1



https://www.punjabboardonline.com

2. ਹੇਠ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ : **3x2=6**

ਇਹ ਮੇਲਾ ਲੁਧਿਆਣੇ ਦੇ ਪਿੰਡ ਛਪਾਰ ਵਿਚ ਭਾਦਰੋਂ ਸੁਦੀ ਚੌਦਾਂ ਨੂੰ ਲਗਦਾ ਹੈ । ਇੱਥੇ ਪਿੰਡ ਦੀ ਦੱਖਣੀ ਗੁੱਠੇ ਗੁੱਗੇ ਪੀਰ ਦੀ ਇਕ ਮਾੜੀ ਹੈ । ਇਸ ਦੀ ਗੁੱਗੇ ਦੇ ਭਗਤਾਂ ਨੇ ਰਾਜਸਥਾਨ ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ 1880 ਬਿਕਰਮੀ ਵਿਚ ਇੱਥੇ ਸਥਾਪਨਾ ਕੀਤੀ । ਉਦੋਂ ਤੋਂ ਹੀ ਇਹ ਮੇਲਾ ਚੱਲਿਆ ਆ ਰਿਹਾ ਹੈ । ਛਪਾਰ ਦਾ ਮੇਲਾ ਭਾਵੇਂ ਗੁੱਗੇ ਦੀ ਸਿਮਰਤੀ ਵਿਚ ਲੱਗਦਾ ਹੈ ਪਰ ਇਸ ਵਿਚ ਗੁੱਗੇ ਦੇ ਭਗਤਾਂ ਤੋਂ ਬਿਨਾਂ ਦੂਜੇ ਲੋਕ ਵੀ ਚੋਖੀ ਮਾਤਰਾ ਵਿਚ ਸ਼ਾਮਲ ਹੁੰਦੇ ਹਨ ਅਤੇ ਇਸ ਮੇਲੇ ਦਾ ਚਰਿੱਤਰ ਲੌਕਿਕ ਹੋ ਗਿਆ ਹੈ । ਇਸ ਮੇਲੇ ਵਿਚ ਪੰਜਾਬੀਆਂ ਨੂੰ ਉਹਨਾਂ ਦੇ ਪੂਰੇ ਰੰਗ ਵਿਚ ਵੇਖਿਆ ਜਾ ਸਕਦਾ ਹੈ ।

(ੳ) ਪੈਰ੍ਹੇ ਵਿਚ ਆਏ ਹੇਠ ਲਿਖੇ ਸ਼ਬਦਾਂ ਦਾ ਸੰਦਰਭਗਤ ਅਰਥ ਲਿਖੋ : **1+1=2**

(i) ਸੁਦੀ (ii) ਮਾੜੀ

(ਅ) ਛਪਾਰ ਦੇ ਮੇਲੇ ਦਾ ਚਰਿੱਤਰ ਬਦਲਣ ਦਾ ਕੀ ਕਾਰਨ ਹੈ ? **2**

(ੲ) ਉੱਪਰ ਦਿੱਤਾ ਗਿਆ ਪੈਰ੍ਹਾ ਕਿਸ ਲੇਖ ਵਿਚੋਂ ਲਿਆ ਗਿਆ ਹੈ ਅਤੇ ਇਸ ਦਾ ਲੇਖਕ ਕੌਣ ਹੈ ? **1+1=2**

3. ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ : **4x3=12**

(ੳ) ਨਰਾਤਿਆਂ ਦੇ ਦਿਨਾਂ ਦੌਰਾਨ ਕੁੜੀਆਂ ਵੱਲੋਂ ਬਣਾਈਆਂ ਮਿੱਟੀ ਦੀਆਂ ਮੂਰਤੀਆਂ ਬਾਰੇ ਭਰਪੂਰ ਜਾਣਕਾਰੀ ਦਿਓ । **3**

(ਅ) ਪੰਜਾਬ ਦੇ ਮਰਦਾਵੇਂ ਲੋਕ-ਨਾਚਾਂ ਦਾ ਸੰਖੇਪ ਵਰਨਣ ਕਰੋ । **3**

(ੲ) ਪੰਜਾਬ ਦੀਆਂ ਨਕਲਾਂ ਦੇ ਵਿਸ਼ੇਸ਼ ਲੱਛਣ ਕਿਹੜੇ ਹਨ ? **3**

(ਸ) 'ਪੰਜਾਬੀ ਸੱਭਿਆਚਾਰਕ ਪਰਿਵਰਤਨ' ਪਾਠ ਵਿਚ ਗੁਰਬਾਣੀ ਦੀ ਤੁਕ 'ਮਾਤਾ ਧਰਤਿ ਮਹਤੁ' ਅਜੋਕੇ ਸਮਾਜ ਦੀ ਕਿਹੜੀ ਸਮੱਸਿਆ ਵੱਲ ਸੰਕੇਤ ਕਰਦੀ ਹੈ ? ਖੋਲ੍ਹ ਕੇ ਦੱਸੋ । https://www.punjabboardonline.com **3**

(ਹ) ਪੰਜਾਬੀ ਸੱਭਿਆਚਾਰ ਦੇ ਇਤਿਹਾਸਕ ਪਿਛੋਕੜ ਬਾਰੇ ਦੱਸੋ । **3**

(ਕ) ਪੁਰਾਤਨ ਸਮੇਂ ਵਿਚ ਪਿੰਡ ਵਾਸੀ ਆਪਣੇ ਪਿੰਡ ਦੇ ਲੋਕ-ਖਿਡਾਰੀਆਂ ਅਤੇ ਪਹਿਲਵਾਨਾਂ ਨੂੰ ਕਿਵੇਂ ਨਿਵਾਜਦੇ ਸਨ ? **3**

4. ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ । ਆਪਣੀ ਯੋਗਤਾ ਤੇ ਸਮੱਰਥਾ ਦੱਸਦੇ ਹੋਏ ਕਿਸੇ ਨਜ਼ਦੀਕੀ ਬੈਂਕ ਤੋਂ ਸ੍ਵੈ-ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਵਾਸਤੇ ਸ਼ਾਖਾ-ਪ੍ਰਬੰਧਕ ਨੂੰ ਪੱਤਰ ਲਿਖੋ । **2+4+1=7**

ਜਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸੂਚਨਾ ਅਧਿਕਾਰੀ ਨੂੰ ਪੱਤਰ ਲਿਖੋ, ਜਿਸ ਵਿਚ ਸਾਉਣੀ ਦੀਆਂ ਫ਼ਸਲਾਂ ਦੇ ਬੀਜਾਂ ਦੀ ਉਪਲਬਧਤਾ, ਸਿਖਲਾਈ-ਪ੍ਰੋਗਰਾਮਾਂ, ਖੇਤੀਬਾੜੀ ਸਾਹਿਤ, ਸਾਉਣੀ ਦੀਆਂ ਫ਼ਸਲਾਂ ਦੇ ਸੰਭਾਵਿਤ ਰੋਗਾਂ ਤੇ ਰੋਕਥਾਮ ਆਦਿ ਬਾਰੇ ਜਾਣਕਾਰੀ ਦੀ ਮੰਗ ਕਰੋ ।



https://www.punjabboardonline.com

8. ਹੇਠ ਲਿਖੀਆਂ ਅਖਾਉਤਾਂ ਵਿਚੋਂ ਕਿਸੇ ਪੰਜ ਨੂੰ ਵਾਕਾਂ ਵਿਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ : 5x2=10

(ੳ) ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ ✓ 2

(ਅ) ਘਰ ਦਾ ਸੜਿਆ ਵਣ ਗਿਆ, ਵਣ ਨੂੰ ਲੱਗੀ ਅੱਗ 2

(ੲ) ਜਦੋਂ ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਭੱਜਦਾ ਹੈ ✓ 2

(ਸ) ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ ✓ 2

(ਹ) ਵਾਦੜੀਆਂ-ਸਜਾਦੜੀਆਂ ਨਿਭਣ ਸਿਰਾਂ ਦੇ ਨਾਲ 2

(ਕ) ਇਕ ਦਰ ਬੰਦ ਸੌ ਦਰ ਖੁੱਲ੍ਹਾ ✓ 2

(ਖ) ਉੱਠੇ ਤਾਂ ਉੱਠ ਨਹੀਂ ਰੇਤੇ ਦੀ ਮੁੱਠ ✓ 2

(ਗ) ਬੈਭਰੋਸਾ ਵੱਡਾ ਤੋਸਾ ✓ 2

9. ਕਿਸੇ ਇਕ ਕਵਿਤਾ ਦਾ ਕੇਂਦਰੀ ਭਾਵ ਲਿਖੋ : 1x5=5

(ੳ) ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ (ਸੁਰਜੀਤ ਪਾਤਰ) 5

(ਅ) ਚੁੰਮ-ਚੁੰਮ ਰੱਖੋ (ਨੰਦ ਲਾਲ ਨੂਰਪੁਰੀ) 5

(ੲ) ਟੁਕੜੀ ਜੱਗ ਤੋਂ ਨਿਆਰੀ (ਭਾਈ ਵੀਰ ਸਿੰਘ) 5

10. ਕਿਸੇ ਇਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ : 1x7=7

(ੳ) ਸਾਂਝ (ਸੁਜਾਨ ਸਿੰਘ) 7

(ਅ) ਘਰ ਜਾਹ ਆਪਣੇ (ਗੁਲਜ਼ਾਰ ਸਿੰਘ ਸੰਧੂ) 7

-o0o-


https://www.punjabboardonline.com